**International Journal of Multidisciplinary Research and Development**
**Online ISSN: 2349-4182 Print ISSN: 2349-5979**
**www.allsubjectjournal.com**
**Volume 2; Issue 12; December 2015; Page No. 532-534**

# ਸਾਂਈ ਬੁੱਲ੍ਹੇ ਸ਼ਾਹ ਦੇ ਸਮੇਂ ਦੀਆਂ ਧਾਰਮਿਕ ਪਰਿਸਥੀਤੀਆਂ

ਸ਼ਰਦੇਵ ਸਿੰਘ ਗਿੱਲ

ਐਮ. ਏ. ਪੀ-ਐਚ. ਡੀ

ਬੁੱਲ੍ਹੇ ਸ਼ਾਹ ਦਾ ਸਮਾਂ ਸਤਾਰਵੀਂ ਸਦੀ ਦਾ ਦੂਜਾ ਅੱਧ ਤੇ ਅਠਾਰਵੀਂ ਦਾ ਪਹਿਲਾ ਅੱਧ ਹੈ ਜਿਸ ਵਿੱਚ ਸਮਾਜ ਦੇ ਚੌਗਿਰਦੇ ਨੂੰ ਧਾਰਮਿਕ ਪੱਖ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਇਸ ਸਮੇਂ ਭਾਰਤ ਵਿੱਚ ਮੁੱਖ ਧਰਮ ਇਸਲਾਮ ਤੋਂ ਬਿਨਾਂ ਹਿੰਦੂ ਧਰਮ ਤੇ ਸਿੱਖ ਧਰਮ ਦਾ ਪ੍ਰਭਾਵ ਕਾਫੀ ਸੀ। ਮੁਸਲਮਾਨਾਂ ਦੇ ਆਗਮਨ ਨਾਲ ਹੌਲੀ-ਹੌਲੀ ਸੂਫੀ ਧਰਮ ਵੀ ਹੋਂਦ ਵਿੱਚ ਆ ਚੁੱਕਾ ਸੀ।

## ਇਸਲਾਮ ਧਰਮ:

ਬੁੱਲ੍ਹੇ ਸਮੇਂ ਸਭ ਤੋਂ ਮਹੱਤਵਪੂਰਨ ਧਰਮ ਇਸਲਾਮ ਸੀ। ਇਸ ਦੇ ਅਨੁਯਾਈ ਦੋ ਸੰਪਰਦਾਵਾਂ ਵਿੱਚ ਵੰਡੇ ਹੋਏ ਸਨ, 'ਸੁੰਨੀ' ਅਤੇ ਸ਼ੀਆਂ। ਇਨ੍ਹਾਂ ਦੋਹਾਂ ਵਿੱਚ ਅੰਤਰ ਇਹ ਸੀ ਕਿ ਸੁੰਨੀ ਕੇਵਲ ਹਜ਼ਰਤ ਮੁਹੰਮਦ ਸਾਹਿਬ ਨੂੰ ਹੀ ਪੈਗੰਬਰ ਮੰਨਦੇ ਸਨ ਪ੍ਰੰਤੂ ਮੀਆਂ ਲੋਕ ਅਲੀ ਨੂੰ ਵੀ ਆਪਣਾ ਧਾਰਮਿਕ ਨੇਤਾ ਮੰਨਦੇ ਸਨ। ਸੁੰਨੀ ਮੁਸਲਮਾਨਾਂ ਦੀ ਗਿਣਤੀ ਜ਼ਿਆਦਾ ਸੀ। ਇਹ ਬੜੇ ਕੱਟੜ ਮੁਸਲਮਾਨ ਸਨ ਤੇ ਸਰਕਾਰੀ ਧਰਮ ਬਣਾ ਦੇਣ ਨਾਲ ਇਸ ਦੀ ਮਹੱਤਤਾ ਹੋਰ ਵੀ ਵਧ ਗਈ। ਇਹਨਾਂ ਸੁੰਨੀਆਂ ਦਾ ਦੂਜੇ ਧਰਮਾਂ ਪ੍ਰਤੀ ਰਵੱਈਆ ਬੜਾ ਨਿਰਦਈ ਸੀ। ਔਰੰਗਜ਼ੇਬ ਨੇ ਸਾਰੇ ਭਾਰਤ ਨੂੰ ਮੁਸਲਮਾਨ ਬਨਾਉਣ ਦੇ ਇਰਾਦੇ ਨਾਲ ਗੈਰ ਸੁੰਨੀ ਮੁਸਲਮਾਨਾਂ ਤੇ ਹਿੰਦੂਆਂ ਉੱਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਸ਼ੀਆਂ ਧਰਮ ਦੇ ਪ੍ਰਤੀ ਨਫਰਤ ਦੀ ਉਘੀ ਮਿਸਾਲ 1712 ਈ: ਨੂੰ ਲਹੌਰ ਵਿੱਚ ਬਾਦਸ਼ਾਹ ਬਹਾਦਰ ਸ਼ਾਹ ਨੇ ਹੁਕਮ ਦਿੱਤਾ ਕਿ ਜੁੰਮੇ ਦੀ ਨਮਾਜ਼ ਸਮੇਂ ਹਜ਼ਰਤ ਅਲੀ ਦੇ ਵਿਸ਼ੇਸ਼ਣਾਂ ਦੇ ਨਾਲ 'ਵਾਅਸੀ' (ਵਾਰਿਸ) ਸ਼ਬਦ ਵੀ ਜੋੜਿਆ ਜਾਵੇ। ਇਹ ਹੁਕਮ ਸੁਣਦਿਆਂ ਹੀ ਸੁੰਨੀ ਮੁਲਾਣੇ ਭੜਕ ਉੱਠੇ ਤੇ ਉਨ੍ਹਾਂ ਹਜ਼ਾਰਾਂ ਮੁਸਲਮਾਨਾਂ ਨੂੰ ਨਾਲ ਲੈ ਬਗਾਵਤ ਕਰ ਦਿੱਤੀ। ਬਹਾਦਰ ਸ਼ਾਹ ਨੂੰ ਮਜ਼ਬੂਰ ਹੋ ਕੇ ਆਪਣਾ ਹੁਕਮ ਵਾਪਿਸ ਲੈਣਾ ਪਿਆ।

ਹਿੰਦੂਆਂ ਤੇ ਸਿੱਖਾਂ ਪ੍ਰਤੀ ਇਸਲਾਮ ਧਰਮ ਦਾ ਰਵੱਈਆ ਬੜਾ ਨਿਰਦਈ ਤੇ ਕੱਟੜਤਾ ਵਾਲਾ ਸੀ। ਔਰੰਗਜ਼ੇਬ ਨੇ ਮੁਸਲਮਾਨਾਂ ਦੀ ਖੁਸ਼ੀ ਜਿੱਤਣ ਲਈ ਹਿੰਦੂਆਂ ਨੂੰ ਹੁਕਮ ਦਿੱਤਾ ਕਿ ਉਹ ਮੁਸਲਮਾਨ ਬਣ ਜਾਣ ਜਾਂ ਫਿਰ ਮਾਰਨ ਲਈ ਤਿਆਰ ਹੋ ਜਾਣ। ਸੈਂਕੜੇ ਹਿੰਦੂਆਂ ਨੂੰ ਹਰ ਰੋਜ਼ ਕਤਲ ਕਰ ਦਿੱਤਾ ਜਾਂਦਾ, ਉਨ੍ਹਾਂ ਦਿਆਂ ਮੰਦਰਾਂ ਨੂੰ ਢਾਹ ਕੇ ਮਸੀਤਾਂ ਉਸਾਰ ਦਿੱਤੀਆਂ ਗਈਆਂ। ਉਨ੍ਹਾਂ ਨੂੰ ਉੱਚ ਅਹੁਦਿਆਂ ਤੋਂ ਲਾਹ ਦਿੱਤਾ ਗਿਆ ਤੇ ਉਨ੍ਹਾਂ ਤੇ ਜਜੀਆ ਕਰ ਲਗਾ ਦਿੱਤਾ ਗਿਆ। ਇੱਥੋਂ ਤੱਕ ਕਿ ਜਦੋਂ ਇੱਕ ਵਾਰੀ ਹਿੰਦੂ ਸ਼ਿਕਾਇਤ ਕਰਨ ਲਈ ਬਾਦਸ਼ਾਹ ਦੇ ਮਹਿਲ ਹੇਠਾਂ ਇਕੱਠੇ ਹੋਏ ਤਾਂ ਉਨ੍ਹਾਂ ਨੂੰ ਹਾਥੀਆਂ ਦਿਆਂ ਪੈਰਾਂ ਥੱਲੇ ਲਿਤਾੜ ਦਿੱਤਾ ਗਿਆ। ਹਿੰਦੂ ਧਰਮ ਛੱਡਣ ਤੇ ਬ੍ਰਾਹਮਣ ਹਿੰਦੂਆਂ ਨਾਲ ਘ੍ਰਿਣਾ ਕਰਨ ਲੱਗ ਪਏ। ਸੋ ਔਰੰਗਜ਼ੇਬ ਨੂੰ ਸਲਾਹ ਦਿੱਤੀ ਗਈ ਕਿ ਪਹਿਲਾਂ ਬ੍ਰਾਹਮਣਾ ਨੂੰ ਮੁਸਲਮਾਨ ਬਨਾਉਣਾ ਜਰੂਰੀ ਹੈ ਕਿਉਂਕਿ ਬ੍ਰਾਹਮਣਾ ਦਾ ਹਿੰਦੂ ਸਮਾਜ ਤੇ ਅਸਰ ਕਾਫੀ ਸੀ। ਉਸ ਨੇ ਕਸ਼ਮੀਰ ਕੁਰਕੁਸ਼ੇਤਰ ਤੇ ਹਰਿਦੁਆਰ ਆਦਿ ਦੇ ਬ੍ਰਾਹਮਣਾ ਨੂੰ ਛੇਤੀ ਮੁਸਲਮਾਨ ਬਨਣ ਦਾ ਆਦੇਸ਼ ਜਾਰੀ ਕਰ ਦਿੱਤਾ। ਇਨਕਾਰੀ ਬ੍ਰਾਹਮਣਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ। ਕਸ਼ਮੀਰ ਵਿੱਚ ਔਰੰਗਜ਼ੇਬ ਦੀ ਮੱਦਦ ਕਰਨ ਵਾਲਾ ਗਵਰਨਰ ਰੋਜ ਸਵਾ ਮਣ ਜਨੇਊ ਲਾਹ ਕੇ ਔਰੰਗਜ਼ੇਬ ਨੂੰ ਭੇਜਦਾ ਸੀ ਜਿਸ ਦਾ ਅਰਥ ਕਿ ਜਾਂ ਤਾਂ ਹਜ਼ਾਰਾਂ ਬ੍ਰਾਹਮਣ ਮੁਸਲਮਾਨ ਬਣਾਏ ਜਾਂਦੇ ਸਨ ਜਾਂ ਫਿਰ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਂਦਾ ਸੀ।

ਸਿੱਖ ਧਰਮ ਨਾਲ ਸੁੰਨੀਆ ਦੀ ਖਿਜੋਤਾਨ ਤਾਂ ਗੁਰੂ ਅਰਜਨ ਦੇਵ ਜੀ ਦੇ ਕਤਲ ਤੋਂ ਬਾਅਦ ਹੀ ਸ਼ੁਰੂ ਹੋ ਗਈ ਸੀ। ਪਰ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਧਰਮ ਨਾ ਬਦਲਣ ਵਜੋਂ ਕਤਲ ਕਰ ਦੇਣ ਨਾਲ ਇਹ ਨਫਰਤ ਹੋਰ ਵੀ ਵਧ ਗੀ ਸੀ। ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਗਲਾਂ ਦੀਆਂ ਲੜਾਈਆਂ ਦਾ ਕਾਰਨ ਇਹ ਧਰਮ ਪ੍ਰਥਾ ਹੀ ਸੀ। ਗੁਰੂ ਸਾਹਿਬ ਦੇ ਸਾਰੇ ਪਰਿਵਾਰ ਦੀ ਸ਼ਹਾਦਤ ਇਨ੍ਹਾਂ ਸੁੰਨੀ ਮੁਸਲਮਾਨਾਂ ਦੇ ਨਿਰਦਈ ਰਵੱਈਏ ਦੀਆਂ ਹੀ ਮਿਸਾਲਾਂ ਹਨ। ਗੁਰੂ ਗੋਬਿੰਦ ਸਿੰਘ ਜੀ ਤੋਂ ਮਗਰੋਂ ਬੰਦਾ ਬਹਾਦਰ ਜਿਸ ਨੇ ਸਰਹਿੰਦ ਦੇ ਨਵਾਬ ਨਾਲ ਲੋਹਾ ਲਿਆ ਸੀ ਅਤੇ 1716 ਵਿੱਚ ਫੜ੍ਹ ਕੇ ਬੜੀ ਬੇਦਰਦੀ ਨਾਲ ਕਤਲ ਕਰ ਦਿੱਤਾ ਗਿਆ। ਉਸ ਦੇ ਨਾਲ ਉਸ ਦੇ ਹੋਰ ਸੈਂਕੜੇ ਸਾਥੀ ਵੀ ਸ਼ਹੀਦ ਕਰ ਦਿੱਤੇ ਗਏ।

ਬਹਾਦਰ ਸ਼ਾਹ ਜੋ ਸ਼ੀਆਂ ਮੁਸਲਮਾਨ ਸੀ ਤੇ ਜਿਸ ਦਾ ਰਵੱਈਆ ਹੋਰਨਾਂ ਧਰਮਾਂ ਪ੍ਰਤੀ ਉਦਾਰਤਾ ਵਾਲਾ ਸੀ ਦੀ ਮੌਤ 1712 ਈ: ਵਿੱਚ ਹੋ ਗਈ। ਇਸ ਤੋਂ ਬਾਅਦ ਦਿੱਲੀ ਦੇ ਤਖਤ ਤੇ ਬੈਠਣ ਵਾਲੇ ਸਾਰੇ ਮੁਗਲ ਬਾਦਸ਼ਾਹ ਤੇ ਉਨ੍ਹਾਂ ਦੇ ਨਿਯੁਕਤ ਸੂਬੇਦਾਰ ਕੱਟੜ ਸੁੰਨੀ ਮੁਸਲਮਾਨ ਸਨ ਜਿਸ ਕਰਕੇ ਔਰੰਗਜ਼ੇਬ ਤੋਂ ਪਿੱਛੋਂ ਵੀ ਇਹ ਜ਼ੁਲਮ ਜਾਰੀ ਰਿਹਾ। 1732 ਈ: ਵਿੱਚ ਜਕਰੀਆ ਖਾਨ ਜੋ ਲਾਹੌਰ ਦਾ ਸੂਬੇਦਾਰ ਸੀ ਨੇ ਬਾਲਕ ਹਕੀਕਤ ਰਾਏ ਨੂੰ ਕਤਲ ਕਰਵਾ ਦਿੱਤਾ। 1745 ਈ: ਵਿੱਚ ਭਾਈ ਤਾਰੂ ਸਿੰਘ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਜਕਰੀਆ ਖਾਨ ਨੇ ਸਿੱਖਾਂ ਦੇ ਖਾਤਮੇ ਲਈ ਪੱਕੀ ਗਸ਼ਤੀ ਫੌਜ ਬਣਾ ਰੱਖੀ ਸੀ ਜੋ ਸਿੱਖਾਂ ਨੂੰ ਲੱਭ ਲੱਭ ਕੇ ਲਾਹੌਰ ਭੇਜਦੀ ਜਿੱਥੇ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਂਦਾ ਸੀ। ਇਸ ਤੋਂ ਪਿੱਛੋਂ ਮੀਰ ਮੰਨੂ ਵਰਗੇ ਮੁਗਲ ਬਾਦਸ਼ਾਹ ਨੇ ਵੀ ਸਿੱਖ ਧਰਮ ਤੇ ਜ਼ੁਲਮਾਂ ਦੀ ਕੋਈ ਕਸਰ ਨਹੀਂ ਛੱਡੀ।

ਮੁਸਲਮਾਨਾਂ ਦਾ ਦੂਜੇ ਧਰਮਾਂ ਪ੍ਰਤੀ ਭੈੜੇ ਸਲੂਕ ਤੋਂ ਬਿਨਾਂ ਉਨ੍ਹਾਂ ਦੇ ਆਪਣੇ ਮਸੀਤਾਂ ਦੇ ਮੁਲਾਣੇ ਤੇ ਧਾਰਮਿਕ ਮੁਨਸਰਾਂ ਭਾਵ ਕਾਜੀਆਂ ਦੇ ਗਿਰੇ ਆਚਰਣ ਦੀ ਦਾਸਤਾਨ ਇੱਕ ਹੋਰ ਵੱਖਰੀ ਘਿਨਾਉਣੀ ਤੇ ਕੋਝੀ ਗੱਲ ਹੈ। ਉਹ ਆਪਣੇ ਬਾਦਸ਼ਾਹ ਦੀ ਸ਼ਤਰ-ਛਾਇਆ ਹੇਠ ਐਸ਼-ਪ੍ਰਸਤੀ ਦੇ ਸ਼ਿਕਾਰ ਹੋ ਚੁੱਕੇ ਸਨ। ਧਰਮ ਦੀ ਚਾਦਰ ਔੜੀ ਉਹ ਹਰ ਤਰ੍ਹਾਂ ਦੀ ਭੈੜੀ ਹਰਕਤ ਕਰਕੇ ਵੀ ਪਾਕ ਸਨ। ਰਿਸਵਤ ਖੋਰੀ ਧੋਖੇਬਾਜ਼ੀ ਤੇ ਲਾਲਚ ਵਰਗੀਆਂ ਬੁਰੀਆਂ ਆਦਤਾਂ ਦੇ ਉਹ ਆਦਿ ਹੋ ਚੁੱਕੇ ਸਨ।

### ਹਿੰਦੂ ਧਰਮ:

ਇਸ ਸਮੇਂ ਵਿੱਚ ਭਾਵੇਂ ਵਧੇਰੇ ਗਿਣਤੀ ਹਿੰਦੂਆਂ ਦੀ ਹੀ ਸੀ ਪਰ ਲੰਮੀ ਰਾਜਸੀ ਗੁਲਾਮੀ ਦੇ ਕਾਰਣ ਉਹ ਨਿਰਬਲ ਹੋ ਚੁੱਕੇ ਸਨ ਤੇ ਦੂਜਿਆਂ ਤੇ ਅਸਰ ਪਾਉਣ ਵਿੱਚ ਅਸਮਰੱਥ ਸਨ। ਬਿਨਾਂ ਸ਼ੱਕ ਸਦੀਆਂ ਤੋਂ ਸੂਫ਼ੀ ਫਕੀਰਾਂ ਤੇ ਸਿੱਖ ਗੁਰੂਆਂ ਨੇ ਹਿੰਦੂ ਧਰਮ ਦੇ ਅੰਧ ਵਿਸ਼ਵਾਸ਼ਾਂ ਨੂੰ ਦੂਰ ਕਰਨ ਦੀ ਸਿਰ ਤੋੜ ਕੋਸ਼ਿਸ਼ ਕੀਤੀ ਪਰ ਅਜੇ ਵੀ ਵਧੇਰੇ ਗਿਣਤੀ ਦੇ ਹਿੰਦੂ ਜਿਨ੍ਹਾਂ ਵਿੱਚ ਭਾਵੇਂ ਬਹੁਤੇ ਮੁਸਲਮਾਨ ਹੀ ਬਣ ਗਏ ਸਨ। ਪੁਰਾਣੇ ਅੰਧ ਵਿਸ਼ਵਾਸ਼ੀ ਸਨ। ਪੁਰਾਤਨ ਰਵਾਇਤਾਂ ਅਨੁਸਾਰ ਉਹ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਗੁੱਗੇ ਪੀਰ ਭਾਵ ਸੱਖ ਦੇਵਤਾ ਦੀ ਪੂਜਾ ਦਾ ਰਿਵਾਜ਼ ਹਿੰਦੂ ਤੇ ਮੁਸਲਮਾਨ ਦੋਹਾਂ ਵਿੱਚ ਹੀ ਸੀ। ਇਸ ਤੋਂ ਬਿਨਾਂ ਹਿੰਦੂ ਸ਼ਾਸ਼ਤਰ ਪਾਠ, ਤੀਰਥ ਇਸ਼ਨਾਨ, ਮੂਰਤੀ ਪੂਜਾ, ਬ੍ਰਾਹਮਣ ਪੂਜਾ ਤੇ ਗਊ ਪੂਜਾ ਕਰਦੇ ਸਨ। ਬ੍ਰਾਹਮਣ ਦਾ ਹਿੰਦੂ ਧਰਮ ਵਿੱਚ ਵਿਸ਼ੇਸ਼ ਸਥਾਨ ਸੀ ਤੇ ਉਨ੍ਹਾਂ ਦਾ ਲੱਗਭਗ ਸਾਰੇ ਹਿੰਦੂ ਸਮਾਜ ਵਿੱਚ ਸਤਿਕਾਰ ਕੀਤਾ ਜਾਂਦਾ ਸੀ। ਉਨ੍ਹਾਂ ਦੇ ਮੂੰਹੋਂ ਗਲਤ ਜਾਂ ਠੀਕ ਸ਼ਬਦ ਹੀ ਧਰਮ ਕਰਮ ਸਮਝ ਲਿਆ ਜਾਂਦਾ ਸੀ। ਇਨ੍ਹਾਂ ਨੇ ਆਪਣੇ ਨਿਜੀ ਸਵਾਰਥ ਲਈ ਹਿੰਦੂਆਂ ਨੂੰ ਵਾਹਿਮਾਂ-ਭਰਮਾਂ ਤੇ ਪਾਖੰਡਾਂ ਵਿੱਚ ਫਸਾ ਰੱਖਿਆ ਸੀ। ਸ਼ਿਵ-ਵਿਸ਼ਨੂੰ, ਰਾਮ-ਕ੍ਰਿਸ਼ਨ, ਦੁਰਗਾ, ਲਕਸ਼ਮੀ ਆਦਿ ਦੇਵੀ-ਦੇਵਤਿਆਂ ਦੀ ਲੋਕ ਮੂਰਤੀਆਂ ਦੇ ਰੂਪ ਵਿੱਚ ਪੂਜਾ ਕਰਦੇ ਸਨ। ਹਿੰਦੂ ਖਾਸ ਖਾਸ ਦਿਨਾਂ ਤੇ ਵਰਤ ਰੱਖਦੇ ਸਨ। ਉਨ੍ਹਾਂ ਦੀਆਂ ਵਿਆਹ ਤੇ ਜਨਮ-ਮਰਨ ਦੀਆਂ ਸਭ ਰੀਤਾਂ ਧਾਰਮਿਕ ਵਿਧੀ ਅਨੁਸਾਰ ਸਨ ਤੇ ਉਹ ਕਈ ਪ੍ਰਸਿੱਧ ਤਿਉਹਾਰ ਦੁਸਹਿਰਾ, ਦੀਵਾਲੀ, ਹੋਲੀ, ਸ਼ਿਵਰਾਤਰੀ ਤੇ ਜਨਮ-ਅਸਟਮੀ ਆਦਿ ਮਨਾਉਂਦੇ ਸਨ।

ਸੁੰਨੀ ਮੁਸਲਮਾਨਾ ਨੇ ਹਿੰਦੂਆਂ ਦਾ ਜਿਓਣਾ ਹਰਾਮ ਕਰ ਰੱਖਿਆ ਸੀ। ਉਨ੍ਹਾਂ ਨੂੰ ਜਾਂ ਤਾਂ ਮੁਸਲਮਾਨ ਬਨਣਾ ਪੈ ਰਿਹਾ ਸੀ ਜਾਂ ਫਿਰ ਜਾਨ ਹਾਜ਼ਰ ਕਰਨੀ ਪੈਂਦੀ ਸੀ। ਉਨ੍ਹਾਂ ਦੇ ਮੰਦਿਰਾਂ ਨੂੰ ਢਾਹ ਕੇ ਮਸੀਤਾਂ ਵਿੱਚ ਬਦਲ ਦਿੱਤਾ ਗਿਆ। ਔਰੰਗਜ਼ੇਬ ਦੀ ਕੱਟੜ ਨੀਤੀ ਨੇ ਤਾਂ ਉਨ੍ਹਾਂ ਨੂੰ ਲੱਗਭਗ ਮਿੱਟੀ ਵਿੱਚ ਹੀ ਮਿਲਾ ਦਿੱਤਾ ਸੀ। ਦੂਜੇ ਪਾਸੇ ਬ੍ਰਾਹਮਣਾ ਨੇ ਹਿੰਦੂਆਂ ਨੂੰ ਨਫਰਤ ਕਰਨੀ ਸ਼ੁਰੂ ਕਰ ਦਿੱਤੀ ਸੀ ਕਿਉਂਕਿ ਉਹ ਡਰਦੇ ਮਾਰੇ ਇਸਲਾਮ ਧਰਮ ਨੂੰ ਇਖਤਿਆਰ ਕਰਨ ਲੱਗ ਪਏ ਸਨ।

### ਸਿੱਖ ਧਰਮ:

ਬੁੱਲ੍ਹੇ ਸਾਹ ਤੱਕ ਇਸ ਧਰਮ ਨੂੰ ਹੋਂਦ ਵਿੱਚ ਆਏ ਕਾਫੀ ਸਮਾਂ ਹੋ ਚੁੱਕਾ ਸੀ ਫਿਰ ਵੀ ਅਠਾਰਵੀਂ ਸਦੀ ਤੱਕ ਇਸ ਦੀ ਕੋਈ ਵੱਖਰੀ ਹੋਂਦ ਸਵੀਕਾਰ ਨਹੀਂ ਸੀ ਕੀਤੀ ਜਾਂਦੀ। 1699 ਈ: ਵਿੱਚ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਕਰ ਦੇਣ ਨਾਲ ਸਿੱਖ ਧਰਮ ਰਾਜਸੀ ਜਥੇਬੰਦੀ ਗਿਣਿਆ ਜਾਣ ਲੱਗ ਪਿਆ ਸੀ ਜਦੋਂ ਕਿ ਪਹਿਲਾਂ ਸਿਰਫ ਹਿੰਦੂ ਧਰਮ ਦੇ ਅੰਧ ਵਿਸ਼ਵਾਸ਼ਾਂ ਦੀ ਨਿਖੇਧੀ ਕਰਨ ਤੱਕ ਹੀ ਸਿੱਖ ਗੁਰੂਆਂ ਦਾ ਰਵੱਈਆ ਰਿਹਾ ਸੀ। ਅਸਲ ਵਿੱਚ ਪਹਿਲਾਂ ਇਸ ਨੂੰ ਹਿੰਦੂ ਧਰਮ ਦਾ ਖੁਲ੍ਹ ਦਿਲਾ ਤੇ ਵਹਿਮਾਂ-ਭਰਮਾਂ ਤੋਂ ਰਹਿਤ ਇੱਕ ਸੰਪ੍ਰਦਾਇ ਹੀ ਸਮਝਿਆ ਜਾਂਦਾ ਸੀ। ਇਹਨਾਂ ਦੇ ਪੂਜਾ ਸਥਾਨ ਧਰਮਸਾਲਾਂ (ਗੁਰੂਦੁਆਰੇ) ਸਨ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਇੱਥੇ ਅਤੁਟ ਲੰਗਰ ਦੀ ਸੇਵਾ ਸਦਾ ਹਾਜ਼ਰ ਰਹਿੰਦੀ ਸੀ ਤੇ ਸ਼ਰਧਾਲੂ ਇਨ੍ਹਾਂ ਗੁਰੂਦੁਆਰਿਆਂ ਵਿੱਚ ਸੇਵਾ ਕਰਨੀ ਆਪਣਾ ਧਰਮ ਸਮਝਦੇ ਸਨ।

ਸਿੱਖ ਧਰਮ ਦੇ ਅਨੁਯਾਈ ਅਣਖੀਲੇ ਯੋਧੇ ਤੇ ਸਿਰੜੀ ਸਨ, ਜਿਸ ਕਰਕੇ ਮੌਜ਼ੂਦਾ ਭਾਰੂ ਇਸਲਾਮ ਧਰਮ ਦੀ ਇਸ ਨਾਲ ਟੱਕਰ ਹੋਣੀ ਸੁਭਾਵਕ ਸੀ। ਦੋਹਾਂ ਧਰਮਾਂ ਦੇ ਆਪਣੇ ਮੱਤਭੇਦ ਦਾ ਆਰੰਭ ਤਾਂ ਭਾਵੇਂ ਗੁਰੂ ਅਰਜਨ ਦੇਵ ਜੀ ਦੇ ਕਤਲ ਤੋਂ ਬਾਅਦ ਹੀ ਸ਼ੁਰੂ ਹੋ ਚੁੱਕਾ ਸੀ ਪਰ ਬੁੱਲ੍ਹੇ ਦੇ ਸਮੇਂ ਤੱਕ ਇਹ ਖਿੱਚੋਤਾਨ ਭਾਰੀ ਵੈਰ-ਵਿਰੋਧ ਦਾ ਰੂਪ ਧਾਰਨ ਕਰ ਚੁੱਕਾ ਸੀ। ਮੁਗ਼ਲ ਬਾਦਸ਼ਾਹ ਨੇ ਸਿੱਖ ਧਰਮ ਦੇ ਅਨੁਯਾਈਆਂ ਤੇ ਅਤਿ ਦਾ ਜ਼ੁਲਮ ਢਾਇਆ। ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਸਾਹਿਬ ਜੀ ਨੂੰ ਦਿੱਲੀ ਵਿੱਚ ਧਰਮ ਦੀ ਰੱਖਿਆ ਖਾਤਰ ਸ਼ਹੀਦੀ ਦੇਣੀ ਪਈ। ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬਾਕੀ ਸਾਰੇ ਪਰਿਵਾਰ ਨੂੰ ਸਿੱਖ ਧਰਮ ਦੀ ਖਾਤਿਰ ਅੱਤ ਦੇ ਜ਼ੁਲਮ ਦਾ ਸਾਹਮਣਾ ਕਰਨਾ ਪਿਆ ਤੇ ਲੱਗਭਗ ਸਾਰਾ ਖਾਨਦਾਨ ਸ਼ਹੀਦ ਹੋ ਗਿਆ। ਗੁਰੂ ਸਾਹਿਬ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੂੰ 1716 ਈ: ਵਿੱਚ ਕੈਦ ਕਰ ਲੈਣ ਮਗਰੋਂ ਉਸਦੇ ਸੈਂਕੜੇ ਸਾਥੀਆਂ ਸਮੇਤ ਕਤਲ ਕਰ ਦਿੱਤਾ ਗਿਆ। ਇਸ ਸਮੇਂ ਸਿੱਖਾਂ ਨੂੰ ਬੜੇ ਨਿਰਦੱਈ ਤੇ ਜ਼ਾਲਮ ਤਰੀਕੇ ਨਾਲ ਮਾਰਿਆ ਜਾਂਦਾ ਸੀ ਉਨ੍ਹਾਂ ਦੇ ਸਿਰਾਂ ਦਾ ਮੁੱਲ ਪਾਇਆ ਜਾਂਦਾ ਸੀ, ਖੋਪੜੀਆਂ ਉਤਾਰੀਆਂ ਜਾਂਦੀਆਂ ਸਨ, ਆਰਿਆਂ ਨਾਲ ਚੀਰਿਆ ਜਾਂਦਾ ਸੀ, ਤੇ ਚਰਖੜੀਆਂ ਤੇ ਚੜ੍ਹਾਇਆ ਜਾਂਦਾ ਸੀ। ਬੁੱਲ੍ਹੇ ਸ਼ਾਹ ਸਮੇਂ ਇਸ ਸੁੰਨੀ ਮੁਸਲਮਾਨਾਂ ਦਾ ਸਿੱਖਾਂ ਪ੍ਰਤੀ ਇਸ ਪ੍ਰਕਾਰ ਦਾ ਰਵੱਈਆ ਸੀ।

ਸਿੱਖ ਧਰਮਾਂ ਦਾ ਆਪਣਾ ਦੂਜੇ ਧਰਮਾਂ ਪ੍ਰਤੀ ਵਿਵਹਾਰ ਉਦਾਰਤਾ ਵਾਲਾ ਸੀ। ਕਿਤੇ ਵੀ ਕੋਈ ਉਦਾਹਰਨ ਨਹੀਂ ਮਿਲਦੀ ਜਿਸ ਨਾਲ ਸਿੱਧ ਹੋ ਸਕੇ ਕਿ ਸਿੱਖ ਧਰਮ ਨੇ ਹਿੰਦੂ ਜਾਂ ਮੁਸਲਮਾਨਾਂ ਨੂੰ ਜਬਰੀ ਆਪਣੇ ਧਰਮ ਵਿੱਚ ਖਿੱਚਣ ਦੀ ਕੋਸ਼ਿਸ਼ ਕੀਤੀ ਹੋਵੇ। ਗੁਰੂ ਤੇਗ ਬਹਾਦਰ ਜੀ ਦੀ ਕਸ਼ਮੀਰ ਦੇ ਪੰਡਿਤਾਂ ਦੀ ਧਾਰਮਿਕ ਰੱਖਿਆ ਲਈ ਦਿੱਤੀ ਗਈ ਕੁਰਬਾਨੀ ਇਸ ਗੱਲ ਦੀ ਪ੍ਰੋੜਤਾ ਲਈ ਕਾਫੀ ਹੈ।

### ਸੂਫੀ ਧਰਮ:

ਇਸ ਧਰਮ ਦਾ ਆਗਮਨ ਮੁਸਲਮਾਨਾਂ ਦੇ ਭਾਰਤ ਵਿੱਚ ਆਉਣ ਨਾਲ ਹੀ ਲੱਗਭਗ ਦਸਵੀਂ ਬਾਰਵੀਂ ਸਦੀ ਵਿੱਚ ਹੋ ਗਿਆ ਸੀ। ਬੁੱਲ੍ਹੇ ਸ਼ਾਹ ਦੇ ਸਮੇਂ ਤੱਕ ਪਹੁੰਚਦਿਆਂ ਪੰਜਾਬ ਵਿੱਚ ਸੂਫੀਆਂ ਦੇ ਚਾਰ ਮੁੱਖ ਸਿਲਸਿਲੇ ਮੌਜ਼ੂਦ ਸਨ। ਇਨ੍ਹਾਂ ਸਿਲਸਿਲਿਆਂ ਦੀਆਂ ਅੱਗੇ ਕਈ ਹੋਰ ਸੰਪ੍ਰਦਾਵਾਂ ਸਨ। ਇਹਨਾਂ ਸਿਲਸਿਲਿਆਂ ਵਿੱਚ

ਸੂਫੀ ਹਰ ਧਰਮ ਦੇ ਬੰਦੇ ਨੂੰ ਜੀ ਆਇਆਂ ਆਖਦੇ ਸਨ। ਸੂਫੀਆਂ ਦਾ ਇਹ ਵਿਸ਼ਵਾਸ਼ ਸੀ ਕਿ ਖ਼ੁਦਾ ਦੀ ਹੋਂਦ ਸਭ ਵਿੱਚ ਹੈ। ਉਹ ਮਨੁੱਖ ਦੇ ਧੁਰ ਅੰਦਰ ਹੈ। ਉਸਨੂੰ ਲੱਭਣ ਲਈ ਪ੍ਰਭੂ ਪ੍ਰੇਮ ਤੇ ਉਸ ਵਿੱਚ ਫਨਾ ਹੋ ਜਾਣ ਦੀ ਲੋੜ ਹੈ। ਦੁਨੀਆਂ ਨੂੰ ਉਹ ਨਾਸ਼ਵਾਨ ਮੰਨਦੇ ਤੇ ਮਨੁੱਖੀ ਜੀਵਨ ਨੂੰ ਨਦੀ ਕਿਨਾਰੇ ਰੁਖੜਾ। ਮਨੁੱਖੀ ਜੀਵਨ ਮਿਲਿਆ ਹੀ ਰੱਬੀ ਇਸ਼ਕ ਵਿੱਚ ਸਮਾਅ ਜਾਣ ਲਈ, ਉਸ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਉਹ ਸ਼ਰਾਅ ਦੇ ਪਾਬੰਦ ਸਨ ਤੇ ਇਸਲਾਮੀ ਅਸੂਲਾਂ ਅਨੁਸਾਰ ਨਮਾਜ਼-ਰੋਜੇ ਤੇ ਹੱਜ ਕਰਦੇ ਸਨ। ਪਿੱਛੋਂ ਬੁੱਲ੍ਹੇ ਸ਼ਾਹ ਦੇ ਸਮੇਂ ਤੱਕ ਉਸ ਨੇ ਸ਼ਰਾਅ ਨੂੰ ਤਿਲਾਜਲੀ ਦੇ ਦਿੱਤੀ ਸੀ।

ਸੂਫੀ ਲੋਕ ਬੜੇ ਨਰਮ ਦਿੱਲ ਤੇ ਸ਼ੁੱਧ ਹਿਰਦੇ ਵਾਲੇ ਲੋਕ ਸਨ। ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਜੇਕਰ ਰੱਬ ਨੂੰ ਪਿਆਰ ਕਰਨਾ ਹੈ ਤਾਂ ਪਹਿਲਾਂ ਉਸ ਦੀਆ ਬਣਾਈਆਂ ਚੀਜ਼ਾਂ ਨਾਲ ਪਿਆਰ ਕੀਤਾ ਜਾਵੇ ਕਿਉਂਕਿ ਪ੍ਰਭੂ ਦਾ ਵਾਸਾ ਕੁਦਰਤ ਦੀ ਹਰ ਸ਼ੈ ਵਿੱਚ ਮੌਜੂਦ ਹੈ। ਇਸੇ ਸਿਧਾਂਤ ਅੰਦਰ ਹੀ ਉਨ੍ਹਾਂ ਦੀ ਦੂਜੇ ਧਰਮਾਂ ਪ੍ਰਤੀ ਦੁਰ ਵਿਵਹਾਰ ਦੀ ਕਿਤੇ ਵੀ ਉਦਾਹਰਨ ਨਹੀਂ ਮਿਲਦੀ। ਕਿਸੇ ਵੀ ਧਰਮ ਨੂੰ ਉਨ੍ਹਾਂ ਬੁਲਾ-ਭਲਾ ਨਹੀਂ ਆਖਿਆ ਤੇ ਨਾ ਹੀ ਕਿਧਰੇ ਨਿਖੇਧੀ ਕੀਤੀ ਹੈ। ਮੁਗ਼ਲ ਸਮਰਾਟਾਂ ਨੇ ਇਨ੍ਹਾਂ ਸੂਫੀ ਸੰਤਾਂ ਤੇ ਵੀ ਜ਼ੁਲਮ ਕੀਤਾ। ਉਨ੍ਹਾਂ ਨੂੰ ਸੂਲੀਆਂ ਤੇ ਟੰਗਿਆ ਤੇ ਫਾਂਸੀਆਂ ਦਿੱਤੀਆਂ।

ਬੁੱਲ੍ਹੇ ਸ਼ਾਹ ਨੇ ਆਪਣੇ ਸਮੇਂ ਵਿੱਚ ਆਈ ਇਸ ਹਨ੍ਹੇਰਗਰਦ ਨੂੰ ਬੜਾ ਨੇੜਿਓਂ ਹੋ ਕੇ ਵੇਖਿਆ। ਜਿਸਤੋਂ ਪ੍ਰਭਾਵਿਤ ਹੋ ਕੇ ਉਸ ਨੇ ਆਪਣੇ ਕਲਾਮ ਵਿੱਚ ਧਰਮ ਦੇ ਝੂਠੇ ਠੇਕੇਦਾਰਾਂ ਤੇ ਮੁਗ਼ਲਾਂ ਮਲਵੱਈਆਂ ਦਾ ਪਾਜ ਉਘੇੜਿਆ ਹੈ। ਇਹੀ ਕਾਰਨ ਹੈ ਕਿ ਉਸ ਦੀ ਰਚਨਾ ਆਪਣੇ ਸਮੇਂ ਦੇ ਪੰਜਾਬ ਦਾ ਮੂੰਹ ਬੋਲਦਾ ਚਿੱਤਰ ਹੈ।

## ਸਹਾਇਕ ਪੁਸਤਕ ਸੂਚੀ


1. ਪੰਜਾਬੀ ਸਾਹਿਤ ਦਾ ਅਲੋਚਨਾਤਮਕ ਇਤਿਹਾਸ - ਪੈਪਸੂ ਬੁਕ ਡਿਪੂ ਪਟਿਆਲਾ
2. ਸੂਫੀਮਤ ਅਤੇ ਪੰਜਾਬੀ ਸੂਫੀ ਕਵਿਤਾ - ਭਾਸ਼ਾ ਵਿਭਾਗ, ਪੰਜਾਬ
3. ਪੰਜਾਬੀ ਸਾਹਿਤ ਦਾ ਇਤਿਹਾਸ -ਲਾਹੌਰ ਬੁਕਸ਼ਾਪ, ਲੁਧਿਆਣਾ ਡਾ. ਸੁਰਿੰਦਰ ਕੋਹਲੀ
4. ਪੰਜਾਬ ਦੇ ਹੀਰੇ - ਮੌਲਾ ਬਖਸ਼ ਕੁਸ਼ਤਾ
5. ਇਸਲਾਮ ਅਤੇ ਸੂਫੀਵਾਦ - ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ।
6. ਪੰਜਾਬੀ ਸੂਫੀ ਕਾਵਿ ਅਤੇ ਸ਼ਰੀਅਤ - ਡਾ. ਰਜਿੰਦਰ ਸਿੰਘ ਢਿੱਲੋਂ
7. ਬੁੱਲ੍ਹੇ ਸ਼ਾਹ ਅਲੋਚਨਾਤਮਿਕ ਅਧਿਐਨ- ਡਾ. ਕਾਲਾ ਸਿੰਘ ਬੇਦੀ
8. ਸੂਫੀ ਕਾਵਿ ਅੰਕ -ਭਾਸ਼ਾ ਵਿਭਾਗ, ਪੰਜਾਬ ਪਟਿਆਲਾ।